ISSN: 2584-0509

# 'ਚੰਨ ਸੂਰਜ ਦੀ ਵਹਿੰਗੀ' ਵਿਚਲੇ ਕਾਵਿ ਸਰੋਕਾਰ: ਆਲੋਚਨਾਤਮਿਕ ਅਧਿਐਨ



ਡਾ. ਦੀਪਕ
ਸਹਾਇਕ ਪ੍ਰੋਫ਼ੈਸਰ,
ਪੰਜਾਬੀ ਵਿਭਾਗ,
ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।
+91 90569-61001

ਡਾ. ਸੁਰਜੀਤ ਪਾਤਰ ਪੰਜਾਬੀ ਸਾਹਿਤ ਦਾ ਸਿਰਮੌਰ ਸ਼ਾਇਰ ਹੈ। ਡਾ. ਸੁਰਜੀਤ ਪਾਤਰ ਨੇ ਪੰਜਾਬੀ ਸਾਹਿਤ ਪ੍ਰੇਮੀਆਂ ਦੀ ਝੋਲੀ ਵਿੱਚ 'ਹਵਾ ਵਿੱਚ ਲਿਖੇ ਹਰਫ਼' (1979), 'ਬਿਰਖ਼ ਅਰਜ਼ ਕਰੇ' (1992), ਹਨੇਰੇ ਵਿੱਚ ਸੁਲਗਦੀ ਵਰਣਮਾਲਾ (1992) 'ਲਫ਼ਜ਼ਾਂ ਦੀ ਦਰਗਾਹ' (1999), 'ਪਤਝੜ ਦੀ ਪੰਜੇਬ' (2004), 'ਸੁਰਜ਼ਮੀਨ' (2008), 'ਚੰਨ ਸੂਰਜ ਦੀ ਵਹਿੰਗੀ' (2013), 'ਇਹ ਬਾਤ ਨਿਰੀ ਏਨੀ ਨਹੀਂ' (2021) ਆਦਿ ਪੁਸਤਕਾਂ ਪਾਈਆਂ ਹਨ। ਡਾ. ਸੁਰਜੀਤ ਪਾਤਰ ਨੇ ਸਾਹਿਤਕ ਹਲਕਿਆਂ ਵਿੱਚ ਬਤੌਰ ਪ੍ਰਬੁੱਧ ਗ਼ਜ਼ਲਕਾਰ ਦੇ ਤੌਰ 'ਤੇ ਵਿਸ਼ੇਸ਼ ਪਛਾਣ ਬਣਾਈ ਹੈ। ਇਸ ਲਈ ਬਤੌਰ ਗ਼ਜ਼ਲਕਾਰ ਉਹਨਾਂ ਦੀ ਗ਼ਜ਼ਲ ਬਾਰੇ ਵੱਡੀ ਗਿਣਤੀ ਵਿੱਚ ਖੋਜਾਰਥੀਆਂ ਅਤੇ ਆਲੋਚਕਾਂ ਦੁਆਰਾ ਮੁਤਾਲਿਆ ਕੀਤਾ ਮਿਲਦਾ ਹੈ।

ਅਸੀਂ ਆਪਣੇ ਖੋਜ-ਪੱਤਰ ਲਈ ਡਾ. ਸੁਰਜੀਤ ਪਾਤਰ ਦੀ ਪੁਸਤਕ 'ਚੰਨ ਸੂਰਜ ਦੀ ਵਹਿੰਗੀ' ਨੂੰ ਆਧਾਰ ਬਣਾਇਆ ਹੈ, ਇਸ ਪੁਸਤਕ ਦੀ ਵਿਲੱਖਣਤਾ ਇਹ ਹੈ ਕਿ ਇਹ ਪਾਤਰ ਸਾਹਿਬ ਦੀਆਂ ਨਿਰੋਲ ਕਵਿਤਾਵਾਂ ਦਾ ਸੰਗ੍ਰਹਿ ਹੈ। ਡਾ. ਸੁਰਜੀਤ ਪਾਤਰ ਦੀ ਗ਼ਜ਼ਲਕਾਰੀ ਦੀ ਥਾਂ ਅਸੀਂ ਨਿਰੋਲ ਉਹਨਾਂ ਦੀ ਕਵਿਤਾਵਾਂ ਦਾ ਅਧਿਐਨ ਕਰਾਂਗੇ। ਇਸ ਪੁਸਤਕ ਵਿੱਚ ਕੁੱਲ 38 ਰਚਨਾਵਾਂ ਦਰਜ ਹਨ, ਜਿਨ੍ਹਾਂ ਵਿੱਚੋਂ ਕੁੱਝ ਗੀਤ ਵੀ ਸ਼ਾਮਿਲ ਕੀਤੇ ਗਏ ਹਨ। ਪੁਸਤਕ ਦਾ ਸਿਰਲੇਖ 'ਚੰਨ ਸੂਰਜ ਦੀ ਵਹਿੰਗੀ' ਵੀ ਪਾਤਰ ਦੇ ਗੀਤ ਦੀ ਤੁਕ ਨੂੰ ਆਧਾਰ ਬਣਾ ਕੇ ਰੱਖਿਆ ਗਿਆ ਹੈ। ਇਸ ਪੁਸਤਕ ਵਿੱਚ ਪਾਤਰ ਦੁਆਰਾ ਰੂਪਾਂਤਰਿਤ ਕੀਤੇ ਨਾਟਕਾਂ ਵਿੱਚ ਦਰਜ ਗੀਤ ਵੀ ਸ਼ਾਮਿਲ ਕੀਤੇ ਗਏ ਹਨ। ਅਸੀਂ ਇਸ ਪੁਸਤਕ ਦੇ ਅਧਿਐਨ ਰਾਹੀਂ ਡਾ. ਸੁਰਜੀਤ ਪਾਤਰ ਦੀ ਗ਼ਜ਼ਲ ਦੀ ਥਾਂ ਨਜ਼ਮ ਕਲਾ ਨੂੰ ਪੜਚੋਲਣ ਦਾ ਕਾਰਜ ਕੀਤਾ ਹੈ। ਕਵਿਤਾਵਾਂ ਦੇ ਵਿਸ਼ਾਗਤ ਸਰੋਕਾਰ, ਕਵਿਤਾਵਾਂ ਵਿੱਚ ਵਰਤੀਆਂ ਗਈਆਂ ਕਲਾਤਮਕ ਜੁਗਤਾਂ ਅਤੇ ਸੁਰਜੀਤ ਪਾਤਰ ਦੀ ਇੱਕ ਕਵੀ ਦੇ ਤੌਰ ਤੇ ਵਿਲੱਖਣਤਾ ਬਾਰੇ ਇਸ ਖੋਜ ਪੱਤਰ ਵਿੱਚ ਚਰਚਾ ਕੀਤੀ ਗਈ ਹੈ।

ਸੁਰਜੀਤ ਪਾਤਰ ਨੂੰ ਉਦਾਸੀ ਦਾ ਸ਼ਾਇਰ ਮੰਨਿਆ ਜਾਂਦਾ ਹੈ ਪਰ ਉਸ ਦੀ ਕਵਿਤਾ ਦੀ ਖ਼ਾਸੀਅਤ ਹੈ ਕਿ ਉਹ ਪਹਿਲਾਂ ਨਿਰਾਸ਼ਾ ਦਾ ਮਾਹੌਲ ਸਿਰਜਦਾ ਹੈ ਪਰ ਅੰਤ ਵਿੱਚ ਕੋਈ ਨਾ ਕੋਈ ਆਸ਼ਾ ਦੀ ਕਿਰਨ ਵੀ ਪੈਦਾ ਕਰਦਾ ਦਿਖਾਈ ਦਿੰਦਾ ਹੈ। ਡਾ. ਰਾਜਿੰਦਰ ਪਾਲ ਸਿੰਘ, ਪਾਤਰ ਦੀ ਇਸ ਜੁਗਤ ਬਾਰੇ ਦੱਸਦੇ ਹੋਏ ਲਿਖਦੇ ਹਨ ਕਿ, "ਜਦੋਂ ਚਾਰੇ ਪਾਸੇ

ਪ੍ਰਤੀਕੂਲ ਪ੍ਰਸਥਿਤੀਆਂ ਹਾਵੀ ਹੋਣ, ਮਨੁੱਖੀ ਰਿਸ਼ਤਿਆਂ ਵਿਚ ਤ੍ਰੇੜਾਂ ਪੈ ਜਾਣ। ਭਵਿੱਖ ਪ੍ਰਤੀ ਅਨਿਸ਼ਚਿਤਤਾ ਹੋਵੇ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਹੋ ਰਹੀ ਹੋਵੇ ਤਾਂ ਅਜਿਹੇ ਸਮੇਂ ਸ਼ਾਇਰ ਦਾ ਨਿਰਾਸ਼ਾਮਈ ਸਵਰ ਅਲਾਪਣਾ ਸੁਭਾਵਿਕ ਹੈ ਕਿਉਂਕਿ ਸ਼ਾਇਰ ਲੋਕਾਂ ਦੇ ਭਾਵਾਂ ਦੀ ਤਰਜਮਾਨੀ ਤਾਂ ਕਰਦਾ ਹੀ ਹੈ, ਸਗੋਂ ਮਨੁੱਖਤਾ ਤੇ ਵਾਪਰਦੇ ਹਰ ਦੁਖਾਂਤ ਨੂੰ ਵਧੇਰੇ ਸ਼ਿੱਦਤ ਅਤੇ ਸੰਵੇਦਨਾ ਨਾਲ ਚਿਤਰਦਾ ਹੈ। ਸਭ ਤੋਂ ਵੱਧ ਸੰਤੁਸ਼ਟਤਾ ਦੀ ਗੱਲ ਇਹ ਹੈ ਕਿ ਸ਼ਾਇਰ ਫਿਰ ਵੀ ਅੰਤਿਮ ਰੂਪ ਵਿਚ ਆਸ਼ਾਵਾਦੀ ਹੈ।"[1] ਪਾਤਰ ਜੋ ਵਾਪਰ ਗਿਆ ਉਸ ਉੱਪਰ ਝੋਰਾ ਕਰਨ ਦੀ ਥਾਂ ਸਮਕਾਲੀ ਹਾਲਾਤ ਵਿੱਚ ਜੋ ਵੀ ਸਕਾਰਾਤਮਿਕ ਸੋਚਿਆ ਜਾਂ ਕੀਤਾ ਜਾ ਸਕਦਾ ਹੈ ਉਹਨਾਂ ਯਤਨਾਂ ਲਈ ਪ੍ਰੇਰਿਤ ਕਰਦਾ ਹੈ। ਪਾਤਰ, ਬਾਬਾ ਸ਼ੇਖ਼ ਫ਼ਰੀਦ ਵਾਂਗ ਸਬਰ-ਸੰਤੋਖ ਤੇ ਆਪਣੇ ਤੋਂ ਨੀਵੇਂ ਵੱਲ ਵੇਖ ਕੇ ਹੱਸਦਿਆਂ-ਹੱਸਦਿਆਂ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੰਦਾ ਹੈ।

ਨ੍ਹੇਰ ਨਾ ਸਮਝੇ ਕਿ ਚਾਨਣ ਡਰ ਗਿਆ ਹੈ
ਰਾਤ ਨਾ ਸੋਚੇ ਕਿ ਸੂਰਜ ਮਰ ਗਿਆ ਹੈ
ਬਾਲ ਜੋਤਾਂ ਆਸ-ਭਰੀਆਂ ਮਾਣ-ਮੱਤੀਆਂ[2]

- ਉਹ ਜੋ ਰੁੜ੍ਹ ਗਿਆ, ਉਹਨੂੰ ਜਾਣ ਦੇ
  ਇਹਨੂੰ ਸਾਂਭ ਲੈ, ਇਹ ਜੋ ਬਚ ਗਿਆ
  ਉੱਠ ਜਾਗ ਸੂਰਜ ਨੂੰ ਸਿਰ ਝੁਕਾ
  ਉੱਠ ਜਾਗ ਧਰਤੀ ਦਾ ਦੁੱਖ ਵੰਡਾ[3]
- ਹੱਸਿਆਂ ਹੀ ਨਿਰਵਾਣ ਮਿਲੇਗਾ
  ਜੀਵਨ ਜੀਣ ਦਾ ਤਾਣ ਮਿਲੇਗਾ
  ਦੇਖ ਤੇ ਸੋਚ ਕਿ ਕਿੰਨੀ ਦੁਨੀਆ
  ਤੈਥੋਂ ਵੱਧ ਦੁਖਿਆਰੀ
  ਬੀਬਾ ਰੋ ਨਾ ਅਪਣੀ ਵਾਰੀ[4]

ਪਾਤਰ ਸ਼ੁਰੂਆਤ ਵਿੱਚ ਇਨਕਲਾਬੀ ਲਹਿਰ ਦਾ ਸਮਰਥਕ ਸੀ। ਇਨਕਲਾਬੀ ਲਹਿਰ ਦਾ ਮਕਸਦ ਹਥਿਆਰਬੰਦ ਇਨਕਲਾਬ ਲਿਆਉਣਾ ਸੀ। ਪਰੰਤੂ ਇਹ ਲਹਿਰ ਆਪਣੇ ਨਿਸ਼ਾਨਿਆਂ ਨੂੰ ਪੂਰਾ ਕਰਨ ਵਿੱਚ ਅਸਫ਼ਲ ਰਹੀ। ਰਾਜਿੰਦਰ ਪਾਲ ਸਿੰਘ ਅਨੁਸਾਰ, "ਉਹ ਚੇਤਨ ਤੌਰ ਤੇ ਹਾਵੀ ਪ੍ਰਸਥਿਤੀ ਨੂੰ ਬਦਲਣ ਲਈ ਉੱਠੀ ਰਾਜਸੀ ਲਹਿਰ ਦਾ

ਹਮਦਰਦ ਸੀ। ਪਰ ਜਦੋਂ ਇਨਕਲਾਬ ਊਠ ਦੇ ਬੁੱਲ੍ਹ ਵਾਂਗ ਨਾ ਹੀ ਡਿੱਗਿਆ ਤਾਂ ਉਸ ਦੇ ਅਨੁਭਵ ਵਿਚ ਨਿਰਾਸ਼ਾ ਦੇ ਤੱਤ ਭਾਰੂ ਹੋ ਜਾਣਾ ਸੁਭਾਵਿਕ ਹੀ ਸੀ।"[5] ਇਸ ਨਿਰਾਸ਼ਾ ਦਾ ਪ੍ਰਭਾਵ ਸਾਨੂੰ ਪਾਤਰ ਦੀ ਕਵਿਤਾ ਵਿੱਚ ਵੀ ਨਜ਼ਰ ਆਉਂਦਾ ਹੈ ਜਦੋਂ ਉਹ ਇਨਕਲਾਬ ਲਿਆਉਣ ਦੀ ਥਾਂ ਇਨਕਲਾਬ ਲਈ ਤੜਪਣ ਨੂੰ ਹੀ ਮਹੱਤਵਪੂਰਨ ਸਮਝਣ ਲਗਦਾ ਹੈ। ਪਾਤਰ ਦੇ ਨਿੱਜੀ ਵਿਚਾਰਾਂ ਵਿੱਚ ਤਬਦੀਲੀ ਆਉਣ ਨਾਲ ਉਸ ਦੀ ਕਵਿਤਾ ਵਿਚਲੀ ਵਿਚਾਰਧਾਰਾ ਵੀ ਜਟਿਲ ਰੂਪ ਅਖ਼ਤਿਆਰ ਕਰ ਲੈਂਦੀ ਹੈ। ਪਾਤਰ ਕਵਿਤਾ ਵਿੱਚ ਇਨਕਲਾਬ ਪ੍ਰਤੀ ਧੀਮੀ ਸੁਰ ਵਿੱਚ ਸਮਝਾਉਂਦਾ ਦਿਖਾਈ ਦਿੰਦਾ ਹੈ। ਇਨਕਲਾਬੀ ਲਈ ਲੜਦਾ ਦਿਖਾਈ ਨਹੀਂ ਦਿੰਦਾ।

ਕਵਿਤਾ ਜਦੋਂ ਖ਼ਿਲਾਫ਼ ਕਹੇ ਤਾਂ
ਉਸ ਦੇ ਲਫ਼ਜ਼ ਨਹੀਂ ਬਦਲੀਦੇ
ਆਪਣੇ ਆਪ ਨੂੰ ਬਦਲੀਦਾ ਹੈ
ਨਾ ਵੀ ਬਦਲ ਸਕੋ ਤਾਂ, ਤਾਂ ਵੀ
ਬਦਲ ਹੋਣ ਨੂੰ ਤੜਪੀਦਾ ਹੈ
ਤੜਪਣ ਵਿਚ ਹੀ ਮਾਨਵਤਾ ਹੈ
ਤੜਪਣ ਵਿਚ ਹੀ ਕਾਵਿਕਤਾ ਹੈ
ਤੜਪਣ ਵਿਚ ਹੀ ਇਨਕਲਾਬ ਹੈ[6]

ਪਾਤਰ ਕਿਸੇ ਸੰਪਰਦਾਇ ਜਾਂ ਧਰਮ ਦੀ ਥਾਂ ਸਮੁੱਚੀ ਮਾਨਵਤਾ ਦਾ ਹਾਮੀ ਹੈ। ਪਾਤਰ ਦਾ ਧਰਮ ਸਰਹੱਦਾਂ, ਰੰਗਾਂ, ਚਿੰਨ੍ਹਾਂ, ਜਾਂ ਗ੍ਰੰਥਾਂ ਤੱਕ ਸੀਮਤ ਨਹੀਂ ਹੋ ਜਾਂਦਾ ਸਗੋਂ ਸਰਬ-ਵਿਆਪਕ ਹੋਂਦ ਦਾ ਧਾਰਨੀ ਹੋ ਨਿੱਬੜਦਾ ਹੈ। ਉਹ ਰੱਬ ਦੇ ਆਕਾਰ ਜਾਂ ਨਿਰਆਕਾਰ ਹੋਣ ਦੇ ਫ਼ਜ਼ੂਲ ਪ੍ਰਸ਼ਨਾਂ ਵਿੱਚ ਨਹੀਂ ਪੈਂਦਾ ਸਗੋਂ ਉਸ ਦਾ ਮੂਲ ਕੇਂਦਰ ਤਾਂ ਰੱਬ ਦੁਆਰਾ ਬਣਾਇਆ ਮਨੁੱਖ ਹੈ। ਜੇਕਰ ਮਨੁੱਖ ਦੁਆਰਾ ਦੂਜੇ ਮਨੁੱਖ ਨਾਲ ਵਿਤਕਰਾ ਕਿਸੇ ਧਰਮ ਦੇ ਆਧਾਰ 'ਤੇ ਹੁੰਦਾ ਹੈ ਤਾਂ ਅਜਿਹੇ ਧਰਮ ਨੂੰ ਪਾਤਰ ਕਾਵਿ ਰੱਦ ਕਰਦਾ ਹੈ। ਪਾਤਰ ਧਰਮ ਪ੍ਰਧਾਨ ਭਾਰਤੀ ਵਿਵਸਥਾ ਉੱਪਰ ਚੋਟ ਕਰਦਾ ਹੈ ਕਿ ਧਰਮ ਦੀ ਤੂਤੀ ਬੋਲਣ ਦੇ ਬਾਵਜੂਦ ਕਾਣੀ ਵੰਡ ਕੀਤੀ ਜਾਂਦੀ ਹੈ। ਜ਼ਿਮੀਂਦਾਰਾਂ ਦੁਆਰਾ ਗ਼ਰੀਬਾਂ ਨਾਲ ਧੱਕਾ ਕੀਤਾ ਜਾਂਦਾ ਹੈ। ਪਾਤਰ ਅਨੁਸਾਰ ਧਰਤੀ ਰੱਬ ਦੀ ਹੈ ਤੇ ਉਸ ਉੱਪਰ ਰੱਬ ਦੇ ਹਰ ਬੰਦੇ ਦਾ ਅਧਿਕਾਰ ਸਾਂਝਾ ਹੋਣਾ ਚਾਹੀਦਾ ਹੈ।

ਤੂੰ ਨ ਦੇਖ ਦਿਸਦਾ ਜੋ ਰੱਬ ਨਹੀਂ
ਸਾਨੂੰ ਦਿਸਣ ਸੰਗ ਮਤਲਬ ਨਹੀਂ
ਉਹ ਕਿ ਜਿਸ ਚ ਸ਼ਾਮਿਲ ਸਭ ਨਹੀਂ
ਨਹੀਂ ਅਪਣਾ ਉਹ ਮਜ਼ਹਬ ਨਹੀਂ[7]

- ਓਹੀ ਇੱਕੋ ਰੱਬ ਹੈ ਜੋ ਵਾਲੀ ਸਾਰੇ ਜੱਗ ਦਾ
  ਰੱਬ ਦੀ ਜ਼ਿਮੀ ਦਾ ਜ਼ਿਮੀਂਦਾਰ ਕੀ ਏ ਲੱਗਦਾ
  ਬੜੀ ਤੂਤੀ ਬੋਲਦੀ ਏ ਜੱਗ ਤੇ ਮਜ਼੍ਹਬ ਦੀ
  ਤਾਂ ਵੀ ਪੈਰ ਧਰਨ ਜੋਗੀ ਥਾਂ ਕਿਉਂ ਨਈਂ ਲੱਭਦੀ[8]

ਪਾਤਰ ਦੇ ਬਹੁਤ ਸਾਰੇ ਸ਼ੇਅਰਾਂ ਵਿਚ ਉਦਾਸੀ ਅਤੇ ਨਿਰਾਸ਼ਾ ਦੀ ਗਹਿਰੀ ਧੁੰਦ ਛਾਈ ਹੋਈ ਮਿਲਦੀ ਹੈ। ਇਸ ਵਿਚ ਪਾਤਰ ਦਾ ਕੋਈ ਦੋਸ਼ ਨਹੀਂ ਹੈ। ਜਦੋਂ ਸੰਵੇਦਨਸ਼ੀਲ ਕਵੀ ਆਪਣੇ ਆਲੇ-ਦੁਆਲੇ ਪਸਰੇ ਬਹੁ-ਦਿਸ਼ਾਵੀ ਕਠੋਰ, ਅਮਾਨਵੀ ਪ੍ਰਸਥਿਤੀਆਂ ਦੇ ਪ੍ਰਤੀਕੂਲ ਯਥਾਰਥ ਨੂੰ ਦੇਖਦਾ ਹੈ ਤਾਂ ਉਸ ਪਾਸੋਂ ਨਿਰਾਸ਼ਾ ਦਾ ਸਹਿਜ ਸੁਭਾ ਹੀ ਪ੍ਰਗਟਾ ਹੋ ਜਾਂਦਾ ਹੈ। ਪਾਤਰ ਨੇ ਇਸ ਨਿਰਾਸ਼ਾ ਦੀ ਸਥਿਤੀ ਵਿੱਚ ਪੰਜਾਬ ਦੇ ਪੰਜ ਦਰਿਆਵਾਂ ਦੇ ਨਾਮ ਵੀ ਤਬਦੀਲ ਕਰ ਦਿੱਤੇ ਹਨ। ਪਾਤਰ ਨੂੰ ਹੁਣ ਪੰਜਾਬ ਵਿੱਚ ਚਾਰੇ ਪਾਸੇ ਮਾਤਮ, ਹਿੰਸਾ, ਖ਼ੌਫ਼, ਬੇਬਸੀ ਤੇ ਅਨਿਆਂ ਹੀ ਦਿਖਾਈ ਦਿੰਦਾ ਹੈ। ਪਾਤਰ ਇਸ ਸਭ ਕੁਝ ਨੂੰ ਵੇਖਦਾ ਹੋਇਆ ਖ਼ੁਦ ਵੀ ਲਾਚਾਰ ਨਜ਼ਰ ਆਉਂਦਾ ਹੈ ਪਰ ਇਸ ਰੁਦਨ ਨੂੰ ਉਹ ਆਪਣੇ ਕਾਵਿ ਦਾ ਵਸਤੂ ਜ਼ਰੂਰ ਬਣਾਉਂਦਾ ਹੈ।

ਮਾਤਮ
ਹਿੰਸਾ
ਖ਼ੌਫ਼
ਬੇਬਸੀ ਤੇ ਅਨਿਆਂ
ਇਹ ਨੇ ਅੱਜਕਲ ਮੇਰੇ ਪੰਜਾਂ ਦਰਿਆਵਾਂ ਦੇ ਨਾਂ[9]

ਡਾ. ਸ.ਨ.ਸੇਵਕ ਅਨੁਸਾਰ "ਪੰਜਾਬੀ ਕਾਵਿ ਰਚਨਾ ਦੇ ਖੇਤਰ ਵਿੱਚ ਸੁਰਜੀਤ ਪਾਤਰ ਇੱਕ ਅਜਿਹੀ ਸੁਰ ਲੈ ਕੇ ਉਦੈ ਹੋਇਆ ਹੈ ਜਿਸ ਵਿੱਚ ਪ੍ਰਾਚੀਨਤਾ ਵੀ ਹੈ ਤੇ ਨਵੀਨਤਾ ਵੀ, ਨਿਰਾਸ਼ਾ ਵੀ ਹੈ ਤੇ ਆਸ਼ਾ ਵੀ, ਪਰੰਪਰਾ ਵੀ ਹੈ ਤੇ ਪ੍ਰਯੋਗ ਵੀ, ਰੋਮਾਂਸ ਵੀ ਹੈ ਤੇ ਯਥਾਰਥ ਵੀ।...ਅਸਲ ਵਿਚ ਉਸਦੀ ਕਾਵਿ ਰਚਨਾ ਕਿਸੇ ਵਾਦ ਵਿਸ਼ੇਸ਼ ਦੇ ਘੇਰੇ ਵਿੱਚ

ਸੀਮਿਤ ਨਹੀਂ ਰਹਿੰਦੀ ਤੇ ਉਸ ਦੀ ਕਾਵਿ ਅਭਿਵਿਅਕਤੀ ਨੂੰ ਅਲੋਚਨਾਤਮਕ ਯਥਾਰਥਵਾਦੀ, ਦਵੰਦਾਤਮਕ ਭੌਤਿਕਵਾਦੀ ਜਾਂ ਅਤਿਯਥਾਰਥਵਾਦੀ ਆਦਿ ਆਖ ਕੇ ਉਸ ਦੀ ਕਾਵਿ ਰਚਨਾ ਨੂੰ ਕਿਸੇ ਸੂਤਰ ਵਿੱਚ ਨਹੀਂ ਬੰਨ੍ਹਿਆ ਜਾ ਸਕਦਾ। ਉਸ ਦੀ ਕਾਵਿ ਰਚਨਾ ਉਸ ਦੇ ਅਚੇਤ ਤੇ ਸੁਚੇਤ, ਅਤੀਤ ਤੇ ਵਰਤਮਾਨ, ਪ੍ਰਤੱਖ ਤੇ ਅਪ੍ਰਤੱਖ, ਭਾਵੁਕਤਾ ਤੇ ਬੌਧਿਕਤਾ ਅਤੇ ਇਤਿਹਾਸ ਤੇ ਮਿਥਿਹਾਸ ਦਾ ਅਜਿਹਾ ਸੰਗਮ ਹੋ ਨਿਬੜਦੀ ਹੈ ਜਿਸ ਦੇ ਪ੍ਰਵਾਹ ਨੂੰ ਕਿਸੇ ਇਕ ਧਾਰ ਵਿਸ਼ੇਸ਼ ਨਾਲ ਜੋੜਾ ਕਠਿਨ ਹੋ ਜਾਂਦਾ ਹੈ।[10]

ਭਾਵ ਪਾਤਰ ਕਾਵਿ ਕਿਸੇ ਇਕ ਨਜ਼ਰੀਏ ਨੂੰ ਪੇਸ਼ ਨਹੀਂ ਕਰਦਾ ਸਗੋਂ ਇਹ ਬਹੁ-ਪਸਾਰੀ ਹੈ। ਪਾਤਰ ਕਿਸੇ ਇਕ ਵਿਚਾਰਧਾਰਾ ਨੂੰ ਆਧਾਰ ਬਣਾ ਕੇ ਨਹੀਂ ਚਲਦਾ। ਪਾਤਰ ਨੂੰ ਪੁਰਾਤਨਤਾ ਪ੍ਰਤੀ ਮੋਹ ਵੀ ਹੈ ਤੇ ਪਰਿਵਰਤਨ ਪ੍ਰਤੀ ਨਿਰਾਸ਼ਾ ਵੀ ਹੈ ਪਰੰਤੂ ਪਾਤਰ ਜੋ ਨਵੀਨ ਸਮਾਜ ਸਿਰਜਿਆ ਜਾ ਰਿਹਾ ਹੈ ਉਸ ਪ੍ਰਤੀ ਵੀ ਸਕਾਰਾਤਮਿਕ ਪਹੁੰਚ ਅਪਣਾਉਂਦਾ ਦਿਖਾਈ ਦਿੰਦਾ ਹੈ। ਇਸ ਦਾ ਪ੍ਰਗਟਾਵਾ 'ਅਰਦਾਸ' ਕਵਿਤਾ ਵਿੱਚ ਹੁੰਦਾ ਹੈ, ਜਿਸ ਵਿੱਚ ਪਾਤਰ ਦੇ ਇੱਕੋ ਕਵਿਤਾ ਵਿੱਚ ਤਿੰਨ ਦ੍ਰਿਸ਼ਟੀਕੋਣ ਦਿਖਾਈ ਦਿੰਦੇ ਹਨ।

ਸੋਨੂੰ ਤੇ ਮੋਨੂੰ ਨੂੰ ਰਿਕਸ਼ੇ ਵਿਚ ਬਿਠਾ ਕੇ
ਰਾਮ ਭਰੋਸੇ ਰੋਜ਼ ਸਕੂਲ ਲਿਜਾਂਦਾ
ਅਤੇ ਬਥੇਰੇ ਹੋਰ
ਜਿਨ੍ਹਾਂ ਦੇ ਨਾਮ ਨ ਜਾਣਾਂ
ਫ਼ੈਕਟਰੀਆਂ ਵਿਚ ਕੰਮ ਕਰਦੇ ਨੇ
ਪੈਲੀਆਂ ਵਿਚ ਪਨੀਰ ਲਾਉਂਦੇ
ਜੀਰੀ ਲਾਉਂਦੇ
ਫ਼ਸਲਾਂ ਵੱਢਦੇ
ਇਹ ਡਾਰਾਂ ਦੀਆਂ ਡਾਰਾਂ
ਕਦੀ ਕਦੀ ਤਾਂ ਡਰ ਲਗਦਾ ਹੈ
ਕਿੱਧਰ ਉੱਡੀਆਂ ਜਾਂਦੀਆਂ ਨੇ ਦਸਤਾਰਾਂ[11]

ਕਵਿਤਾ ਦੇ ਇਨ੍ਹਾਂ ਬੰਧਾਂ ਵਿੱਚ ਪਾਤਰ ਪੰਜਾਬ ਵਿੱਚ ਬਿਹਾਰ ਤੋਂ ਆਏ ਬਿਹਾਰੀਆਂ ਦੀ ਗੱਲ ਕਰਦਾ ਹੈ ਕਿ ਉਹ ਇੱਥੇ ਆ ਕੇ ਹਰ ਤਰ੍ਹਾਂ ਦਾ ਕੰਮ ਕਰਕੇ ਸੰਘਰਸ਼ ਕਰਦੇ ਹਨ।

ਇੱਥੇ ਆ ਕੇ ਹੀ ਉਹਨਾਂ ਦੇ ਬੱਚੇ ਸਕੂਲਾਂ ਵਿੱਚ ਪੰਜਾਬੀ ਸਿੱਖਦੇ ਹਨ ਤੇ ਦੂਜੇ ਪਾਸੇ ਪਾਤਰ ਨੂੰ ਡਰ ਵੀ ਲਗਦਾ ਹੈ ਕਿ ਪੰਜਾਬੀ ਖ਼ੁਦ ਆਪਣੀ ਜੰਮਣ-ਭੋਂ ਛੱਡ ਕੇ ਵਿਦੇਸ਼ਾਂ ਵਿੱਚ ਵੱਡੀ ਗਿਣਤੀ ਵਿੱਚ ਜਾ ਰਹੇ ਹਨ। ਜਿਸ ਨੂੰ ਉਹ 'ਕਿੱਧਰ ਉੱਡਦੀਆਂ ਜਾਂਦੀਆਂ ਨੇ ਦਸਤਾਰਾਂ' ਰਾਹੀਂ ਵਿਅਕਤ ਕਰਦਾ ਹੈ।

ਕਦੀ ਕਦੀ ਚੰਗਾ ਵੀ ਲੱਗਦਾ
ਦੇਸ਼ ਦੇਸ਼ਾਂਤਰ ਜਿੱਥੇ ਜਾਵੋ
ਦਿਸ ਹੀ ਪੈਂਦੀਆਂ ਨੇ ਦਸਤਾਰਾਂ
ਸੱਤ ਸਮੁੰਦਰ ਪਾਰ ਵੀ ਝੂਲਣ ਝੰਡੇ
ਲਿਸ਼ਕਣ ਖੰਡੇ
ਰਿੱਝਣ ਦੇਗਾਂ
ਪੱਕਣ ਮੁੰਡੇ[12]

ਕਵਿਤਾ ਦੇ ਅਗਲੇ ਹੀ ਬੰਧ ਵਿੱਚ ਪਾਤਰ ਦਾ ਨਜ਼ਰੀਆ ਬਦਲਿਆ ਪ੍ਰਤੀਤ ਹੁੰਦਾ ਹੈ। ਜਿੱਥੇ ਪਹਿਲਾਂ ਉਹ ਪੰਜਾਬ ਵਿੱਚ ਪੰਜਾਬੀਆਂ ਦੀ ਘਟਦੀ ਆਮਦ ਉੱਪਰ ਡਰ ਵਿਅਕਤ ਕਰਦਾ ਹੈ ਉੱਥੇ ਹੀ ਇਸ ਬੰਧ ਵਿੱਚ ਉਹ ਸਕਾਰਾਤਮਿਕ ਨਜ਼ਰੀਆ ਪੇਸ਼ ਕਰਦਾ ਹੈ ਇਸ ਨੂੰ ਪੰਜਾਬੀਅਤ ਦਾ ਵਿਕਾਸ ਮੰਨਦਾ ਦਿਖਾਈ ਦਿੰਦਾ ਹੈ। ਕਿਉਂਕਿ ਪੰਜਾਬ ਹੀ ਨਹੀਂ ਸਗੋਂ ਪੰਜਾਬੀਆਂ ਨੇ ਸੰਸਾਰ ਦੀ ਹਰ ਧਰਤੀ ਉੱਪਰ ਜਾ ਕੇ ਪੰਜਾਬੀ ਸਭਿਆਚਾਰ ਤੇ ਪੰਜਾਬੀ ਪਛਾਣ ਨੂੰ ਬਰਕਰਾਰ ਰੱਖਦਿਆਂ ਵਿਸ਼ਵ ਵਿੱਚ ਪ੍ਰਸਿੱਧੀ ਹਾਸਿਲ ਕੀਤੀ ਹੈ।

ਜੋ ਜਿਸ ਧਰਤੀ ਜੰਮੇ ਜਾਏ
ਉਸ ਨੂੰ ਓਥੇ ਈ ਰਿਜ਼ਕ ਥਿਆਏ
ਇਹ ਕਿਉਂ ਕਿਸੇ ਦੇ ਹਿੱਸੇ ਆਏ
ਬੈਸਣ ਬਾਰ ਪਰਾਏ
ਜਿੱਥੇ ਲੋਕੀਂ ਆਖਣ ਸਾਨੂੰ ਇਹ ਕਿੱਥੋਂ ਦੇ ਜੰਮੇ ਜਾਏ
ਮੈਲ ਕੁਚੈਲੇ ਕਾਲੇ ਪੀਲੇ ਭੂਰੇ ਪਾਕੀ
ਏਥੇ ਆਏ[13]

ਕਵਿਤਾ ਦੇ ਇਸ ਬੰਧ ਵਿੱਚ ਪਾਤਰ ਦਾ ਦ੍ਰਿਸ਼ਟੀ ਕੋਣ ਫਿਰ ਬਦਲ ਜਾਂਦਾ ਹੈ ਜਦੋਂ ਉਹ ਵਿਦੇਸ਼ਾਂ ਵਿੱਚ ਪਰਵਾਸੀਆਂ ਨਾਲ ਹੁੰਦੀ ਬਦਸਲੂਕੀ ਨੂੰ ਵੇਖਦਾ ਹੈ ਤਾਂ ਉਹ ਅਰਦਾਸ

ਕਰਦਾ ਦਿਖਾਈ ਦਿੰਦਾ ਹੈ ਕਿ ਹਰ ਮਨੁੱਖ ਨੂੰ ਉੱਥੇ ਹੀ ਰੁਜ਼ਗਾਰ ਹਾਸਿਲ ਹੋਵੇ ਜਿੱਥੇ ਉਸ ਦਾ ਜਨਮ ਹੋਇਆ ਹੈ। ਉਸ ਨੂੰ ਰੋਜ਼ੀ ਖ਼ਾਤਰ ਆਪਣਾ ਪਰਿਵਾਰ ਤੇ ਦੇਸ਼ ਨਾ ਛੱਡਣਾ ਪਵੇ। ਇਸ ਤਰ੍ਹਾਂ ਪਾਤਰ ਕਾਵਿ ਸਮੁੱਚਤਾ ਵਿੱਚ ਹੀ ਨਹੀਂ ਸਗੋਂ ਇੱਕੋ ਕਵਿਤਾ ਵਿੱਚ ਵੀ ਇਕ ਵਿਚਾਰਧਾਰਾ ਜਾਂ ਦ੍ਰਿਸ਼ਟੀਕੋਣ ਉੱਪਰ ਕੇਂਦਰਿਤ ਨਹੀਂ ਰਹਿੰਦਾ। ਪਾਤਰ ਦੀ ਵਿਚਾਰਧਾਰਾ ਕਿਸੇ ਸਿਧਾਂਤਕ ਖੜੋਤ ਦੀ ਸ਼ਿਕਾਰ ਨਹੀਂ ਸਗੋਂ ਇਹ ਸਮੇਂ ਵਾਂਗ ਪਰਿਵਰਤਨਸ਼ੀਲ ਹੈ।

ਪਾਤਰ ਕਾਵਿ ਨੇ ਆਪਣੀ ਕਾਵਿ-ਸਮਗਰੀ ਲਈ ਗੁਰੂ ਸਾਹਿਬਾਨਾਂ ਨਾਲ ਸੰਬੰਧਿਤ ਇਤਿਹਾਸਕ ਘਟਨਾਵਾਂ ਨੂੰ ਵੀ ਆਧਾਰ ਬਣਾਇਆ ਹੈ। ਆਨੰਦਪੁਰ ਦੀ ਲੜਾਈ ਵਿੱਚ ਭੁੱਖ-ਪਿਆਸ ਨਾਲ ਵਿਲਕ ਰਹੇ ਮਾਝੇ ਦੇ ਉਹ 40 ਸਿੰਘ ਜਿੰਨ੍ਹਾ ਨੇ ਦੁਨੀ ਚੰਦ ਮਸੰਦ ਦੇ ਪਿੱਛੇ ਲੱਗ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਛੱਡ ਦਿੱਤਾ ਸੀ ਤੇ ਸਿੰਘਾਂ ਨੇ ਗੁਰੂ ਸਾਹਿਬ ਨੂੰ ਬੇਦਾਵਾ ਲਿਖ ਕੇ ਦਿੱਤਾ ਸੀ। ਜਦੋਂ ਉਹਨਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੁੰਦਾ ਹੈ ਤੇ ਪਰਿਵਾਰ ਵੱਲੋਂ ਵੀ ਗੁਰੂ ਦਾ ਸਾਥ ਛੱਡ ਕੇ ਆਉਣ ਉੱਤੇ ਲਾਹਨਤ ਪੈਂਦੀ ਹੈ ਤਾਂ ਉਹ ਸਾਰੇ ਸਿੰਘ ਗੁਰੂ ਤੋਂ ਮੁਆਫ਼ੀ ਮੰਗਦੇ ਹਨ ਤੇ ਗੁਰੂ ਜੀ ਬੇਦਾਵਾ ਪਾੜ ਦਿੰਦੇ ਹਨ। 'ਬੇਦਾਵਾ 2' ਕਵਿਤਾ ਵਿੱਚ ਪਾਤਰ ਬੇਦਾਵੇ ਨੂੰ ਪ੍ਰਤੀਕ ਰੂਪ ਵਿੱਚ ਵਰਤਦਾ ਹੋਇਆ ਇਸ ਨੂੰ ਨਵੇਂ ਅਰਥ ਵੀ ਦਿੰਦਾ ਹੈ ਜਦੋਂ ਇਸ ਨੂੰ ਖ਼ੁਦਗ਼ਰਜ਼ ਤੇ ਮਤਲਬੀ ਇਨਸਾਨ ਨਾਲ ਜੋੜ ਦਿੰਦਾ ਹੈ। 'ਬੇਦਾਵਾ 1' ਕਵਿਤਾ ਇਤਿਹਾਸ ਨਾਲ ਸੰਬੰਧਿਤ ਹੈ ਜਦੋਂ ਕਿ ਬੇਦਾਵਾ 2 ਕਵਿਤਾ ਇਤਿਹਾਸ ਨੂੰ ਆਧਾਰ ਬਣਾ ਕੇ ਵਰਤਮਾਨ ਸਥਿਤੀ ਉੱਪਰ ਵਿਅੰਗ ਕਰਦੀ ਹੈ।

ਖਾਣ ਲੱਗੀ ਭੁੱਖ ਕਲੇਜੇ ਪੀਣ ਲੱਗੀ ਰੱਤ ਨੂੰ ਪਿਆਸ
ਮਰ ਗਈ ਜਦ ਸੀਨਿਆਂ ਚੋਂ ਸੱਚ ਦੇ ਜਿੱਤਣ ਦੀ ਆਸ
ਸੀਨਿਆਂ ਵਿਚ ਭਰ ਗਿਆ ਜਦ ਹੌਸਲੇ ਦੀ ਥਾਂ ਤੇ ਤ੍ਰਾਸ
ਕੰਬਦੇ ਉਹ ਲਿਖ ਕੇ ਅੱਖਰ, ਆ ਗਏ ਸਤਿਗੁਰ ਦੇ ਪਾਸ[14]

- ਅਸੀਂ ਛੱਡ ਦੁਖੀਆਂ ਨੂੰ ਸਿਸਕਦਿਆਂ
  ਨਿੱਤ ਆਪਣੇ ਆਪਣੇ ਘਰ ਜਾਈਏ
  ਇਹ ਵੀ ਤਾਂ ਇਕ ਬੇਦਾਵਾ ਹੈ
  ਜੋ ਪੈਰਾਂ ਦੇ ਸੰਗ ਲਿਖ ਜਾਈਏ[15]

ਪਾਤਰ ਨੇ ਇਸ ਪੁਸਤਕ ਵਿੱਚ ਇਤਿਹਾਸਕ ਪਾਤਰ ਜ਼ੇਬਿਨਸਾ ਬਾਰੇ ਵੀ ਕਵਿਤਾ ਲਿਖੀ ਹੈ। ਜ਼ੇਬਿਨਸਾ ਜੋ ਸ਼ਾਹ ਜਹਾਨ ਦੀ ਪੋਤੀ ਸੀ ਤੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੀ ਧੀ ਸੀ। ਪਾਤਰ ਇਸ ਕਵਿਤਾ ਰਾਹੀਂ ਇਹ ਦਰਸਾਉਣਾ ਚਾਹੁੰਦਾ ਹੈ ਕਿ ਮਨੁੱਖ ਦੇ ਕਰਮਾਂ ਦੀ ਸਜ਼ਾ ਕੇਵਲ ਉਸ ਨੂੰ ਹੀ ਨਹੀਂ ਸਗੋਂ ਉਸ ਦੇ ਬੱਚਿਆ ਨੂੰ ਵੀ ਭੁਗਤਣੀ ਪੈਂਦੀ ਹੈ। ਔਰੰਗਜ਼ੇਬ ਬਹੁਤ ਨਿਰਦਈ ਬਾਦਸ਼ਾਹ ਸੀ। ਉਸ ਨੇ ਰਾਜ ਹਥਿਆਉਣ ਲਈ ਆਪਣੇ ਭਰਾਵਾਂ ਨੂੰ ਕਤਲ ਕਰਵਾ ਕੇ ਆਪਣੇ ਹੀ ਪਿਉ ਨੂੰ ਕੈਦ ਕਰਵਾ ਦਿੱਤਾ ਸੀ। ਔਰੰਗਜ਼ੇਬ ਨੇ ਹੀ ਸਿੱਖਾਂ ਦੇ ਨੌਵੇਂ ਗੁਰੂ ਤੇਗ਼ ਬਹਾਦਰ ਨੂੰ ਦਿੱਲੀ ਵਿਖੇ ਸ਼ਹੀਦ ਕਰਵਾਇਆ ਸੀ। ਉਸ ਦੇ ਜ਼ੁਲਮਾਂ ਦੀ ਸਜ਼ਾ ਉਸ ਨੂੰ ਤਾਂ ਮਿਲੀ ਹੀ, ਉਸ ਦੇ ਬੱਚਿਆਂ ਉੱਤੇ ਵੀ ਉਸ ਦਾ ਅਸਰ ਪਿਆ। ਕਵਿਤਾ ਵਿੱਚ ਨਜ਼ਰ ਆਉਂਦਾ ਹੈ ਕਿ ਔਰੰਗਜ਼ੇਬ ਦੀ ਧੀ ਜ਼ੇਬਿਨਸਾ ਨੂੰ ਕਲ-ਕਲ ਕਰਦਾ ਝਰਨਾ ਵੀ ਉਦਾਸ ਕਰ ਦਿੰਦਾ ਹੈ। ਉਸ ਦਾ ਨਜ਼ਰੀਆ ਸੁਖਾਂਤਕ ਦੀ ਥਾਂ ਦੁਖਾਂਤਕ ਹੋ ਜਾਂਦਾ ਹੈ। ਝਰਨਾ ਉਸ ਨੂੰ ਪੱਥਰ ਉੱਤੇ ਸਿਰ ਪਟਕਦਾ ਹੋਇਆ ਮਹਿਸੂਸ ਹੁੰਦਾ ਹੈ। ਪਰ ਲੇਖਕ ਦੀ ਕਲਾਤਮਿਕਤਾ ਇਹ ਹੈ ਕਿ ਉਹ ਝਰਨੇ ਦੇ ਪੱਥਰਾਂ ਉੱਪਰ ਸਿਰ ਪਟਕਣ ਦੇ ਦ੍ਰਿਸ਼ ਨੂੰ ਔਰੰਗਜ਼ੇਬ ਦੁਆਰਾ ਆਪਣੇ ਗੁਨਾਹਾਂ ਦੀ ਮੁਆਫ਼ੀ ਲਈ ਪੱਥਰ ਉੱਤੇ ਸਿਰ ਪਟਕਣ ਵਿੱਚ ਰੂਪਾਂਤਰਨ ਕਰ ਦਿੰਦਾ ਹੈ।

ਵਕਤ ਸਜ਼ਾ ਦਿੰਦਾ ਹੈ ਸਾਨੂੰ
ਇਉਂ ਵੀ ਸਾਡੇ ਜ਼ੁਲਮਾਂ ਦੀ
ਕਿ
ਸਾਡੇ ਧੀਆਂ ਪੁੱਤਰਾਂ ਦੇ ਸੁਹਣੇ ਨੈਣਾਂ ਵਿਚ
ਇਉਂ ਭਰ ਜਾਂਦੀ ਘੋਰ ਉਦਾਸੀ
ਕਲ ਕਲ ਕਰਦੇ ਝਰਨੇ ਵੀ ਏਦਾਂ ਲਗਦੇ ਨੇ
ਜਿਉਂ ਪੱਥਰਾਂ ਤੇ ਪਟਕ ਕੇ ਮੱਥਾ
ਰਾਤ ਦਿਨੇ ਕੋਈ ਰੋਂਦਾ ਹੋਵੇ
ਕੀ ਉਹ ਮੱਥਾ ਝਰਨੇ ਦਾ ਮੱਥਾ ਸੀ
ਜਾਂ ਕਿ ਸ਼ਾਹ ਜਹਾਨ ਦਾ ਮੱਥਾ
ਜ਼ੇਬਨਿਸਾ ਦਾ ਮੱਥਾ ਸੀ ਉਹ
ਜਾਂ ਖ਼ਬਰੇ ਔਰੰਗਜ਼ੇਬ ਦਾ[16]

ਪਿਆਰ/ਇਸ਼ਕ/ਮੁਹੱਬਤ ਸਮੁੱਚੇ ਕਾਵਿ ਦਾ ਆਧਾਰ ਹਨ। ਇਸ ਲਈ ਹਰ ਕਵੀ ਦੀ ਕਵਿਤਾ ਵਿੱਚ ਇਹ ਭਾਵ ਘੱਟ ਜਾਂ ਵੱਧ, ਸਿੱਧੇ ਜਾਂ ਅਸਿੱਧੇ ਰੂਪ ਵਿੱਚ ਸ਼ਾਮਿਲ ਹੁੰਦੇ ਹਨ। ਪਾਤਰ ਦੀ ਕਵਿਤਾ ਵਿੱਚ ਪਿਆਰ ਭਾਵਾਂ ਦੀ ਬਹੁਲਤਾ ਹੈ। ਡਾ. ਜਸਵਿੰਦਰ ਸਿੰਘ ਅਨੁਸਾਰ, "ਪਾਤਰ ਦੀ ਪਿਆਰ ਸੰਵੇਦਨਾ ਨਾ ਤਾਂ ਪਰੰਪਰਾਗਤ ਸ਼ਾਇਰਾਂ ਵਾਂਗ ਮਹਿਬੂਬਾ ਨੂੰ ਬੇਵਫ਼ਾ ਬੇਈਮਾਨ ਜਾਂ ਅਜਿਹੇ ਹੋਰ ਲਕਬ ਦੇ ਕੇ ਸੰਤੁਸ਼ਟ ਹੁੰਦੀ ਹੈ ਅਤੇ ਨਾ ਹੀ ਉਹ ਆਪਣੀ ਵਫ਼ਾਈ ਸਚਾਈ ਦਾ ਢੰਡੋਰਾ ਪਿੱਟਦਾ ਹੈ। ਪਾਤਰ ਦਾ ਪਿਆਰ ਅਨੁਭਵ ਮੁੱਖ ਤੌਰ 'ਤੇ ਵਿਯੋਗ, ਤਨਹਾਈ, ਤੜਪ, ਬੇਕਰਾਰੀ ਅਤੇ ਉਦਾਸੀ ਦਾ ਹੈ।"[17] ਪਾਤਰ ਇਸ਼ਕੀਆ ਕਵਿਤਾ ਦੀ ਪੇਸ਼ਕਾਰੀ ਹੀ ਨਹੀਂ ਸਗੋਂ ਉਸ ਨੂੰ ਪਰਿਭਾਸ਼ਿਤ ਕਰਦਾ ਨਜ਼ਰ ਆਉਂਦਾ ਹੈ।

ਜੋ ਤਾਜ ਹੁੰਦੀ ਸੀ ਪਰਬਤਾਂ ਦਾ
ਉਹ ਬਰਫ਼ ਕਾਹਤੋਂ ਪਿਘਲ ਰਹੀ ਹੈ
ਉਤਰ ਕੇ ਉੱਚੀਆਂ ਬੁਲੰਦੀਆਂ ਤੋਂ
ਇਹ ਖ਼ਾਕ ਵਿਚ ਕਾਹਤੋਂ ਮਿਲ ਰਹੀ ਹੈ
ਇਹ ਢਲਣ ਪਿਘਲਣ ਮਿਲਾਪ ਹਿਜਰਤ
ਇਹ ਸਾਰੇ ਕਾਰੇ ਹੀ ਇਸ਼ਕ ਦੇ ਨੇ[18]

ਪਾਤਰ ਮਾਂ ਬੋਲੀ ਪੰਜਾਬੀ ਦਾ ਲਾਡਲਾ ਸ਼ਾਇਰ ਹੈ। ਇਸ ਲਈ ਉਹ ਮਾਂ ਬੋਲੀ ਨੂੰ ਹਮੇਸ਼ ਆਪਣੀ ਜ਼ੁਬਾਨ ਤੇ ਲਿਖਤ ਵਿੱਚ ਅਗਰਭੂਮੀ ਵਿੱਚ ਰੱਖਦਾ ਹੈ। ਇਸ ਕਿਤਾਬ ਦੀ ਭੂਮਿਕਾ ਵਿੱਚ ਵੀ ਉਹ ਜ਼ਿਕਰ ਕਰਦਾ ਹੈ ਕਿ ਉਹ ਆਪਣੀਆਂ ਭਾਸ਼ਾ ਨਾਲ ਸੰਬੰਧਿਤ ਰਚਨਾਵਾਂ ਦੀ ਅਲੱਗ ਤੋਂ ਕਿਤਾਬ ਛਪਵਾਏਗਾ। ਇਸ ਸੰਗ੍ਰਹਿ ਵਿੱਚ ਉਸ ਨੇ ਮਾਂ ਬੋਲੀ ਨੂੰ ਸਮਰਪਿਤ ਕਵਿਤਾ ਸ਼ਾਮਿਲ ਕੀਤੀ ਹੈ। ਇਸ ਵਿੱਚ ਸਾਂਝੇ ਪੰਜਾਬ ਦੇ ਦਰਿਆ ਆਪਸ ਵਿੱਚ ਗੱਲਾਂ ਕਰਦੇ ਦਿਖਾਏ ਗਏ ਹਨ। ਪਾਤਰ ਮਾਂ ਬੋਲੀ ਪੰਜਾਬੀ ਨੂੰ ਗੋਲੀ ਦੀ ਥਾਂ ਰਾਣੀ ਦਾ ਰੁਤਬਾ ਦਿੰਦਾ ਹੈ ਕਿਉਂਕਿ ਉਹ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦੀ ਬੋਲੀ ਹੈ। ਲੇਖਕ ਮਾਂ ਬੋਲੀ ਦੇ ਰੁਤਬੇ ਨੂੰ ਹੋਰ ਠੋਸ ਰੂਪ ਵਿੱਚ ਵਿਅਕਤ ਕਰਦਾ ਹੋਇਆ ਮਾਂ ਬੋਲੀ ਪੰਜਾਬੀ ਵਿੱਚ ਲਿਖਣ ਵਾਲੇ ਵੱਡੇ ਕਲਮਕਾਰਾਂ ਦੇ ਹਵਾਲੇ ਪੇਸ਼ ਕਰਦਾ ਹੈ ਜਿਸ ਵਿੱਚ ਗੁਰੂ, ਫ਼ਕੀਰ, ਸੂਫ਼ੀ, ਕਿੱਸਾਕਾਰ ਆਦਿ ਸ਼ਾਮਿਲ ਹਨ।

ਸਤਲੁਜ ਤੋਂ ਲੈ ਜਿਹਲਮ ਤੀਕਣ

ਜਿਹਲਮ ਤੋਂ ਲੈ ਸਤਲੁਜ ਤੀਕਣ
ਤੇਰੀ ਝਾਂਜਰ ਛਣਕੇ
ਤੂੰ ਰਾਣੀ ਪੰਜ ਦਰਿਆਵਾਂ ਦੀ
ਕਿਉਂ ਰਹੇਂ ਤੂੰ ਗੋਲੀ ਬਣ ਕੇ
ਅੱਜ ਰਾਵੀ ਤੇ ਝਨਾਂ ਦੀਆਂ ਛੱਲਾਂ
ਏਦਾਂ ਕਰਦੀਆਂ ਬਿਆਸਾ ਨਾਲ ਗੱਲਾਂ[19]

- ਤੈਨੂੰ ਇਸ ਧਰਤੀ ਨੇ ਸਾਜਿਆ ਏ
ਤਾਰੀਖ਼ ਨੇ ਸਾਜ ਨਿਵਾਜਿਆ ਏ
ਤੈਨੂੰ ਸ਼ੇਖ਼ ਫ਼ਰੀਦ ਦੁਲਾਰਿਆ ਏ
ਗੁਰੂ ਨਾਨਕ ਦੇਵ ਸਵਾਰਿਆ ਏ
ਤੂੰ ਅੰਮੜੀ ਵਾਰਿਸ ਸ਼ਾਹ ਦੀ ਏਂ
ਤੇ ਬੁੱਲੇ ਬੇਪਰਵਾਹ ਦੀ ਏਂ
ਪੀਲੂ ਤੇ ਕਾਦਰਯਾਰ ਤੇਰੇ
ਹਾਸ਼ਮ ਤੇ ਬਰਖ਼ੁਰਦਾਰ ਤੇਰੇ
ਇਹੋ ਜਿਹੇ ਪੁੱਤਰਾਂ ਦੇ ਹੁੰਦਿਆਂ
ਇਹੋ ਜਿਹੇ ਲਾਲਾਂ ਦੇ ਹੁੰਦਿਆਂ
ਕਿਉਂ ਨ ਰਹੇਂ ਤੂੰ ਤਣ ਕੇ...[20]

ਪਾਤਰ ਨੇ ਇਸ ਕਾਵਿ-ਸੰਗ੍ਰਹਿ ਵਿੱਚ ਉਹ ਗੀਤ ਵੀ ਸ਼ਾਮਿਲ ਕੀਤਾ ਹੈ ਜਿਸ ਨੂੰ ਉਸ ਨੇ ਅਨੁਵਾਦ ਨਾਟਕ ਲਈ ਲਿਖਿਆ ਸੀ। ਪਾਤਰ ਨੇ ਪੱਛਮੀ ਨਾਟਕਕਾਰ ਲੋਰਕਾ ਦਾ ਪ੍ਰਸਿੱਧ ਨਾਟਕ 'ਬਲੱਡ ਵੈਡਿੰਗ' ਦਾ ਅਨੁਵਾਦ ਕੀਤਾ ਤੇ ਪੰਜਾਬੀ ਵਿੱਚ ਇਸ ਦਾ ਨਾਮ 'ਅੱਗ ਦੇ ਕਲੀਰੇ' ਰੱਖਿਆ। ਇਸੇ ਸਿਰਲੇਖ ਦਾ ਗੀਤ ਇਸ ਸੰਗ੍ਰਹਿ ਵਿੱਚ ਦਰਜ ਹੈ। ਇਸ ਨਾਟਕ ਦੀ ਨਾਇਕ ਆਪਣੇ ਵਿਆਹ ਵਾਲੇ ਦਿਨ ਪ੍ਰੇਮੀ ਨਾਲ ਦੌੜ ਜਾਂਦੀ ਹੈ। ਲਾੜਾ ਅਤੇ ਬਰਾਤੀ ਉਨ੍ਹਾਂ ਦਾ ਪਿੱਛਾ ਕਰਦੇ ਹਨ। ਮੁੱਠ-ਭੇੜ ਵਿਚ ਨਾਇਕ ਮਾਰਿਆ ਜਾਂਦਾ ਹੈ ਤੇ ਨਾਇਕਾ ਬਚੀ ਰਹਿੰਦੀ ਹੈ। ਇਸ ਨਾਟਕ ਵਿਚ ਨੌਕਰਾਣੀ ਬੰਨ੍ਹੋ ਦੇ ਵਾਲ ਵਾਹੁੰਦੀ ਹੈ, ਵਿਆਹ ਲਈ ਉਸ ਦਾ ਸ਼ਿੰਗਾਰ ਕਰ ਰਹੀ ਹੈ ਤੇ ਨਾਲ ਦੀ ਨਾਲ ਉਸ ਨੂੰ ਬੀਬੀ ਧੀ ਬਣ ਕੇ ਰਹਿਣ ਦੀ ਸਿੱਖਿਆ ਦਿੰਦੀ ਹੈ ਜਦ ਕਿ ਬੰਨ੍ਹੋ ਦੇ ਮਨ ਵਿਚ ਕੋਈ ਗੁੱਝੀ ਕਸ਼ਮਕਸ਼

ਚੱਲ ਰਹੀ ਹੈ। ਪਾਤਰ ਇਸ ਗੀਤ ਵਿੱਚ ਨੌਕਰਾਣੀ ਦੁਆਰਾ ਲਾਡਲੀ ਨੂੰ ਦਿੱਤੀਆਂ ਜਾਂਦੀਆਂ ਨਸੀਹਤਾਂ ਨੂੰ ਪਰੰਪਰਾਗਤ ਰੂਪ ਵਿੱਚ ਪੇਸ਼ ਕਰਦਾ ਦਿਖਾਈ ਦਿੰਦਾ ਹੈ।

ਮੰਨਿਆਂ ਤੇਰਾ ਜੋਬਨ ਜਗਦਾ
ਮੰਨਿਆਂ ਤੇਰਾ ਅੰਗ ਅੰਗ ਅੱਗ ਦਾ
ਮੰਨਿਆਂ ਦਿਲ ਵਿਚ ਭਾਂਬੜ ਮੱਚਦਾ
ਤਾਂ ਵੀ ਸਾਲੂ ਨੂੰ ਲਾਟ ਨਾ ਲਾਈਂ
ਨੀ -ਮੇਰੀਏ ਬੱਚੀਏ ਨੀ ਰਾਣੀਏ
ਮਿਰਗਾਂ ਤੋਂ ਨੈਣ ਉਧਾਰੇ ਮੰਗਦਾ
ਦਿਲ ਤਾਂ ਕਮਲਾ ਤਾਰੇ ਮੰਗਦਾ
ਇਕ ਨਾ ਦੋ ਇਹ ਤਾਂ ਸਾਰੇ ਮੰਗਦਾ
ਇਹਨੂੰ ਕੱਲਿਆਂ ਬਹਿ ਸਮਝਾਈਂ ਨੀ
ਮੇਰੀਏ ਸੁਘੜ ਸਿਆਣੀਏ[21]

ਪਾਤਰ ਪੰਜਾਬੀ ਸਮਾਜ ਵਿੱਚ ਔਰਤ ਪ੍ਰਤੀ ਸੌੜੇ ਨਜ਼ਰੀਏ ਉੱਪਰ ਵੀ ਚੋਟ ਕਰਦਾ ਹੈ। ਸਾਡੇ ਸਮਾਜ ਵਿੱਚ ਅੱਜ ਵੀ ਔਰਤ ਦਾ ਦਰਜਾ ਦੁਜੈਲਾ ਹੈ। ਘਰ ਵਿੱਚ ਜਦੋਂ ਤੱਕ ਪੁੱਤਰ ਨਹੀਂ ਹੋ ਜਾਂਦਾ ਉਦੋਂ ਤੱਕ ਮਾਪਿਆਂ ਨੂੰ ਪਰਿਵਾਰ ਸੰਪੂਰਨ ਨਹੀਂ ਲਗਦਾ। ਜਨਮ ਤੋਂ ਪਹਿਲਾਂ ਹੀ ਪੁੱਤਰ ਪ੍ਰਾਪਤੀ ਦੀ ਇੱਛਾ ਹੋਣ ਕਾਰਨ ਜਦੋਂ ਘਰ ਧੀ ਜੰਮ ਜਾਂਦੀ ਹੈ ਤਾਂ ਘਰ ਵਿੱਚ ਸੋਗ ਦਾ ਮਾਹੌਲ ਹੋ ਜਾਂਦਾ ਹੈ। ਇਸ ਲਈ ਲੋਕ, ਵਿਗਿਆਨਕ ਕਾਢਾਂ ਦਾ ਦੁਰਉਪਯੋਗ ਕਰਦੇ ਹੋਏ ਪਹਿਲਾਂ ਹੀ ਔਰਤ ਦੇ ਗਰਭ ਦੀ ਜਾਂਚ ਕਰਵਾਉਂਦੇ ਹਨ ਕਿ ਪੇਟ ਵਿੱਚ ਧੀ ਹੈ ਜਾਂ ਪੁੱਤਰ। ਜੇਕਰ ਧੀ ਹੋਣ ਦਾ ਪਤਾ ਲੱਗੇ ਤਾਂ ਉਸ ਨੂੰ ਕੁੱਖ ਵਿੱਚ ਮਰਵਾਉਣ ਦਾ ਬੱਜਰ ਪਾਪ ਕਰਦੇ ਹਨ। ਜੇਕਰ ਕੁੱਖ ਵਿੱਚੋਂ ਕਤਲ ਹੋਣੋ ਬਚ ਜਾਣ ਤਾਂ ਸਮਾਜਿਕ ਢਾਂਚਾ ਮਰਦ-ਪੱਖੀ ਹੋਣ ਕਾਰਨ ਦਰ-ਬ-ਦਰ ਜ਼ਲਾਲਤ ਸਹਾਰਦੀਆਂ ਹੋਈਆਂ ਹੀ ਜੀਵਨ ਬਤੀਤ ਕਰਦੀਆਂ ਹਨ। ਔਰਤ ਦੀ ਅਜਿਹੀ ਪੀੜਾ ਨੂੰ ਪਾਤਰ ਨੇ ਆਪਣਾ ਕਾਵਿ ਵਸਤੂ ਬਣਾਇਆ ਹੈ।

ਓਥੇ ਕੁੱਖਾਂ ਹੋਈਆਂ ਕੱਚ ਦੀਆਂ
ਓਥੇ ਬੱਚੀਆਂ ਮੁਸ਼ਕਿਲ ਬਚਦੀਆਂ
ਜੋ ਬਚਣ ਉਹ ਅੱਗ ਵਿਚ ਮਚਦੀਆਂ

ਜਿਉਂ ਟੁਕੜਾ ਹੋਏ ਕਬਾਬ ਦਾ[22]

- ਹੋਣ ਤਾਂ ਕਰੋੜਾਂ ਨਾਰਾਂ ਘੱਟ ਨੇ ਜਹਾਨ ਉੱਤੇ
  ਬੱਸ ਧੀਆਂ ਭੈਣਾਂ ਹੀ ਨਾ ਹੋਣ
  ਨਾਰਾਂ ਦੇ ਸ਼ੁਕੀਨ ਨੇ ਇਹ ਦਰ ਦਰ ਘੁੰਮਦੇ ਨੇ
  ਆਪਣੇ ਜੇ ਜੰਮ ਪਏ ਤਾਂ ਰੋਣ
  ਛਾਪਾ ਮਾਰ ਕੁੱਖਾਂ ਤੇ
  ਗੁਨਾਹਾਂ ਵਾਂਗੂੰ ਲੱਭਦੇ ਨੇ
  ਧੀ ਤਾਂ ਨੀ ਕਿਤੇ ਲੁਕੀ ਹੋਈ[23]
- ਕਿਸੇ ਬਾਪ ਨੇ ਲਾਡਾਂ ਪਾਲੀ ਧੀ ਦਾ ਗਲਾ ਦਬਾ ਕੇ
  ਮੌਤ ਦੀ ਗੋਦ ਸੁਲਾਇਆ ਉਸ ਨੂੰ ਅਪਣੀ ਗੋਦੋਂ ਲਾਹ ਕੇ[24]

ਸਰਵਣ ਮਿਥਿਹਾਸ ਦਾ ਪਾਤਰ ਹੈ। ਸਰਵਣ ਇਕ ਆਗਿਆਕਾਰੀ ਪੁੱਤਰ ਵਜੋਂ ਮਿਥਿਹਾਸ ਵਿਚ ਸਾਹਮਣੇ ਆਉਂਦਾ ਹੈ। ਸਰਵਣ ਨਾਲ ਸੰਬੰਧਿਤ ਕਥਾ ਦਾ ਵੇਰਵਾ ਇਸ ਪ੍ਰਕਾਰ ਹੈ। ਸਰਵਣ ਆਪਣੇ ਅੰਨ੍ਹੇ ਮਾਤਾ-ਪਿਤਾ ਨੂੰ ਵਹਿੰਗੀ ਵਿਚ ਚੁੱਕ ਕੇ ਤੀਰਥਾਂ ਦੀ ਯਾਤਰਾ ਕਰਵਾਉਣ ਲੈ ਕੇ ਜਾ ਰਿਹਾ ਸੀ। ਰਸਤੇ ਵਿਚ ਉਸ ਦੇ ਮਾਂ-ਬਾਪ ਨੂੰ ਪਿਆਸ ਲੱਗੀ। ਉਹ ਨਦੀ ਤੋਂ ਪਾਣੀ ਲੈਣ ਜਾਂਦਾ ਹੈ। ਉੱਧਰ ਰਾਜਾ ਦਸ਼ਰਥ ਸ਼ਿਕਾਰ ਉੱਪਰ ਸੀ। ਸਰਵਣ ਦੇ ਪਾਣੀ ਭਰਨ ਦੀ ਆਵਾਜ਼ ਨੂੰ ਸੁਣ ਕੇ ਉਸ ਨੂੰ ਇੰਜ ਲੱਗਿਆ ਜਿਵੇਂ ਕੋਈ ਜਾਨਵਰ ਨਦੀ ਦੇ ਦੂਸਰੇ ਕਿਨਾਰੇ ਪਾਣੀ ਪੀ ਰਿਹਾ ਹੋਵੇ। ਉਸ ਨੇ ਤੀਰ ਚਲਾ ਦਿੱਤਾ। ਉਹ ਤੀਰ ਸਰਵਣ ਦੇ ਲੱਗਾ ਤੇ ਉਸ ਦੀ ਮੌਤ ਹੋ ਗਈ। ਸਰਵਣ ਦੇ ਮਾਤਾ-ਪਿਤਾ ਨੇ ਰਾਜੇ ਦਸ਼ਰਥ ਨੂੰ ਸਰਾਪ ਦਿੱਤਾ ਕਿ ਜਿਵੇਂ ਉਹ ਪੁੱਤਰ ਵਿਯੋਗ ਵਿਚ ਤੜਫ ਰਹੇ ਹਨ ਇਵੇਂ ਹੀ ਉਸ ਨੂੰ ਵੀ ਪੁੱਤਰ ਵਿਯੋਗ ਵਿਚ ਤੜਫਨਾ ਪਵੇਗਾ। 'ਵਹਿੰਗੀ' ਗੀਤ ਵਿਚ ਸੁਰਜੀਤ ਪਾਤਰ ਸਰਵਣ ਦੀ ਇਸੇ ਮਿੱਥ ਨੂੰ ਰੂਪਾਂਤਰਿਤ ਰੂਪ ਵਿੱਚ ਇਸਤੇਮਾਲ ਕਰਦਾ ਹੈ। ਮਿਥਿਹਾਸ ਵਿਚ ਜਿਹੜੀ ਵਹਿੰਗੀ ਮੌਜੂਦ ਹੈ। ਉਸ ਦੇ ਦੋ ਛਾਬਿਆਂ ਵਿਚ ਸਰਵਣ ਦੇ ਮਾਤਾ-ਪਿਤਾ ਹਨ ਪਰ ਸੁਰਜੀਤ ਪਾਤਰ ਜਿਸ ਵਹਿੰਗੀ ਦੀ ਗੱਲ ਕਰ ਰਿਹਾ ਹੈ, ਉਸ ਦੇ ਦੋ ਛਾਬਿਆਂ ਵਿਚ ਚੰਨ ਅਤੇ ਸੂਰਜ ਹਨ। ਉਹ ਸਰਵਣ ਨੂੰ ਚੰਨ ਅਤੇ ਸੂਰਜ ਦੀ ਵਹਿੰਗੀ ਚੁੱਕਣ ਲਈ ਆਖਦਾ ਹੈ। ਮਿਥਿਹਾਸ ਵਿਚ ਰਾਜਾ ਦਸ਼ਰਥ ਹੈ, ਜੋ ਸਰਵਣ 'ਤੇ ਤੀਰ ਚਲਾਉਂਦਾ ਹੈ ਅਤੇ ਉਸਦੀ ਮੌਤ ਦਾ ਕਾਰਨ ਬਣਦਾ ਹੈ। ਇਸ ਗੀਤ ਵਿਚ ਭ੍ਰਿਸ਼ਟ

ਰਾਜਨੀਤੀਵਾਨ ਰਾਜੇ ਹਨ, ਜੋ ਲੋਕਾਂ ਉੱਪਰ ਜਬਰੀ ਰਾਜ ਕਰਦੇ ਹਨ, ਉਹ ਅਨਜਾਣੇ ਵਿਚ ਨਹੀਂ ਜਾਣ ਬੁੱਝ ਕੇ ਤੀਰ ਚਲਾਉਣ ਵਾਲਿਆਂ ਵਿੱਚੋਂ ਹਨ। ਇਹ ਗੀਤ ਭ੍ਰਿਸ਼ਟ ਰਾਜਨੀਤੀ ਉੱਪਰ ਵਿਅੰਗ ਕਰਦਾ ਗੀਤ ਹੈ। ਕਵੀ ਨੂੰ ਇੰਜ ਪ੍ਰਤੀਤ ਹੁੰਦਾ ਹੈ ਕਿ ਇਸ ਭ੍ਰਿਸ਼ਟ ਮਾਹੌਲ ਕਾਰਨ ਚੰਨ ਤੇ ਸੂਰਜ ਅੰਧਲੇ ਹੋ ਗਏ ਹਨ, ਭ੍ਰਿਸ਼ਟ ਰਾਜਨੀਤੀ ਦੀ ਭ੍ਰਿਸ਼ਟ ਹਵਾ ਨੇ ਗੰਗਾ ਦੇ ਜਲ ਨੂੰ ਵੀ ਪਲੀਤ ਕਰ ਦਿੱਤਾ ਹੈ ਅਤੇ ਅਜਿਹੇ ਮਾਹੌਲ ਵਿਚ ਸਾਰੇ ਚਾਨਣ ਧੁੰਦਲੇ ਹੋ ਗਏ ਹਨ। ਚੰਨ ਤੇ ਸੂਰਜ ਜੋ ਚਾਨਣ ਦੇ ਪ੍ਰਤੀਕ ਹਨ, ਉਹ ਖ਼ੁਦ ਹੀ ਇਸ ਮਾਹੌਲ ਕਾਰਨ ਅੰਧਲੇ ਹੋ ਚੁੱਕੇ ਹਨ। ਇਹ ਸਮਾਂ ਕਾਲਾ ਤੇ ਹਨੇਰ ਗਰਦੀ ਦਾ ਸਮਾਂ ਹੈ :

ਚੰਨ ਤੇ ਸੂਰਜ ਅੰਧਲੇ ਹੋ ਗਏ
ਗੰਗਾ ਦੇ ਜਲ ਗੰਧਲੇ ਹੋ ਗਏ
ਸਾਰੇ ਚਾਨਣ ਧੁੰਦਲੇ ਹੋ ਗਏ
ਬੱਸ ਇਕ ਲੋ ਸਿਵਿਆਂ ਦੀ ਰਹਿ ਗਈ
ਜੋ ਨਿਤ ਜਗਦੀ ਰਹਿੰਦੀ
ਅਹਿ ਲੈ ਚੁੱਕ ਲੈ ਸਰਵਣਾ ਵੇ
ਚੁਕ ਲੈ ਚੰਨ ਸੂਰਜ ਦੀ ਵਹਿੰਗੀ[25]

ਪਾਤਰ ਇਕ ਸੰਵੇਦਨਸ਼ੀਲ ਕਵੀ ਹੈ ਜੋ ਆਪਣੇ ਆਲੇ-ਦੁਆਲੇ ਵਾਪਰਦੀਆਂ ਕੁਰੀਤੀਆਂ ਨੂੰ ਵੇਖ ਕੇ ਗ਼ਮਗੀਨ ਹੋ ਜਾਂਦਾ ਹੈ। ਇਸ ਉਦਾਸੀ ਦੇ ਆਲਮ ਵਿੱਚੋਂ ਹੀ ਉਹ ਇਸ ਸਮਾਜਿਕ ਵਿਵਸਥਾ ਉੱਪਰ ਚੋਟ ਕਰਨ ਵਾਲਾ ਕਾਵਿ ਸਿਰਜਦਾ ਹੈ। ਪਾਤਰ ਆਪ ਕਹਿੰਦਾ ਹੈ ਕਿ, 'ਮੇਰੀ ਕਵਿਤਾ ਉਦਾਸੀ 'ਚੋਂ ਜਨਮ ਲੈਂਦੀ ਹੈ ਭਾਵੇਂ ਉਸ ਦੇ ਸਰੋਤ ਰਾਜਨੀਤਿਕ, ਆਰਥਿਕ, ਪਰਿਵਾਰਕ, ਸਮਾਜਕ, ਨਿੱਜੀ ਜਾਂ ਮਨੋਵਿਗਿਆਨਕ ਹੋਣ ਜਾਂ ਕੋਈ ਵੀ ਹੋਰ।"[26] ਪੰਜਾਬ ਦੇ ਰਾਜਨੀਤੀਵਾਨ ਤੇ ਪ੍ਰਸ਼ਾਸਨ ਦੋਵੇਂ ਰੱਜ ਕੇ ਜਨਤਾ ਦਾ ਲਹੂ ਪੀਂਦੇ ਹਨ। ਥਾਣੇ, ਕਚਹਿਰੀ, ਸਰਕਾਰੀ ਦਫ਼ਤਰਾਂ, ਹਸਪਤਾਲਾਂ, ਸਕੂਲਾਂ, ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਆਦਿ ਜਨਤਕ ਥਾਵਾਂ ਤੇ ਜਨਤਾ ਲਈ ਯੋਗ ਪ੍ਰਬੰਧ ਨਾ ਹੋਣ ਕਾਰਨ ਲੋਕਾਂ ਨੂੰ ਖੱਜਲ-ਖ਼ੁਆਰ ਹੋਣ ਪੈਂਦਾ ਹੈ। ਇਨਸਾਫ਼ ਲੈਣ ਲਈ ਜ਼ਲੀਲ ਹੋਣਾ ਪੈਂਦਾ ਹੈ ਜਿਸ ਕਾਰਨ ਲੋਕਾਂ ਦਾ ਅਜਿਹੇ ਪ੍ਰਬੰਧ ਤੋਂ ਯਕੀਨ ਉੱਠਣਾ ਲਾਜ਼ਮੀ ਹੈ। ਪਾਤਰ ਇਸ ਤਰ੍ਹਾਂ ਦੀ ਬੇਬਸੀ ਤੇ ਨਿਰਾਸ਼ਾ ਨੂੰ ਨਿਮਨਲਿਖਤ ਬੰਦਾਂ ਵਿੱਚ ਪੇਸ਼ ਕਰਦਾ ਹੈ।

ਹੱਕ ਵਾਲੀ ਇੰਜ ਹੋਈ ਧੁੰਦਲੀ ਤਸਵੀਰ ਹੈ
ਸੱਚ ਦੇ ਪੈਰਾਂ ਚ ਪਾਈ ਝੂਠ ਨੇ ਜ਼ੰਜੀਰ ਹੈ
ਤੱਕੜੀਏ ਇਨਸਾਫ਼ ਦੀਏ ਕੁਫ਼ਰ ਏਨਾ ਤੋਲ ਨਾ
ਇਹ ਕਚਹਿਰੀ ਇਹ ਅਦਾਲਤ ਇਹ ਵਕਾਲਤ ਦੇਖ ਲੈ
ਮੁੱਲ ਮਿਲਦੀ ਹੈ ਜੇ ਤੂੰ ਲੈਣੀ ਜ਼ਲਾਲਤ ਦੇਖ ਲੈ
ਦੇਖ ਲੈ ਹਾਲਾਤ ਪਰ ਹੱਤਕ ਦੀ ਬੋਲੀ ਬੋਲ ਨਾ[27]

ਪਾਤਰ ਕਾਵਿ ਦੀ ਇਕ ਵਿਸ਼ੇਸ਼ਤਾ ਇਸ ਦੀ ਸੰਗੀਤਕਤਾ ਤੇ ਰਵਾਨਗੀ ਹੈ। ਪਾਤਰ ਦਾ ਨਿੱਜੀ ਤੌਰ 'ਤੇ ਸੰਗੀਤ ਨਾਲ ਪਿਆਰ ਹੈ। ਪਾਤਰ ਕੇਵਲ ਸ਼ਾਬਦਿਕ ਸੰਗੀਤਕਤਾ ਨਹੀਂ ਪੈਦਾ ਕਰਦਾ ਸਗੋਂ ਸੰਗੀਤ ਨੂੰ ਵਿਸ਼ਾ ਬਣਾ ਕੇ ਕਵਿਤਾ ਦੀ ਸਿਰਜਣਾ ਕਰਦਾ ਹੈ। ਪਾਤਰ ਖ਼ੁਦ ਨੂੰ ਖ਼ੁਦਾ ਦੇ ਦਰ ਦਾ ਉਹ ਗਵੱਈਆ ਤਸਲੀਮ ਕਰਦਾ ਹੈ ਜਿਸ ਦੀ ਸਾਰੀ ਉਮਰ ਸਾਜ਼ ਵਜਾਉਂਦਿਆਂ ਤੇ ਗੀਤ ਗਾਉਂਦਿਆਂ ਲੰਘ ਗਈ ਪ੍ਰੰਤੂ ਉਹ ਮਹਿਸੂਸ ਕਰਦਾ ਹੈ ਕਿ ਜੋ ਗੀਤ ਉਹ ਗਾਉਣਾ ਚਾਹੁੰਦਾ ਸੀ ਉਸ ਕਲਾਤਮਿਕਤਾ ਨੂੰ ਪਾਉਣ ਵਿੱਚ ਅਜੇ ਵੀ ਕਾਮਯਾਬ ਨਹੀਂ ਹੋਇਆ। ਪਾਤਰ ਦੀ ਸੰਗੀਤਕ ਮੁਹੱਬਤ ਕਾਰਨ ਕਵਿਤਾ ਵਿੱਚ ਉਸ ਨੇ ਸੰਗੀਤਕ ਬੰਦਿਸ਼ਾਂ ਵਾਂਗ ਸ਼ਬਦਾਂ ਦੀ ਸੁਰਾਵਲੀ ਪੇਸ਼ ਕੀਤੀ ਹੈ।

ਆਖੀ ਸੀ ਇਕ ਕਵੀ ਨੇ
ਹਰ ਇਕ ਕਵੀ ਦੀ ਵਿਥਿਆ
ਜੁ ਮੈਂ ਗੀਤ ਗਾਉਣ ਆਇਆ
ਉਹ ਮੈਂ ਗੀਤ ਗਾ ਨ ਸਕਿਆ
ਸੁਰ ਸਾਜ਼ ਕਰਦਿਆਂ ਮੇਰੀ ਉਮਰ ਲੰਘ ਗਈਆ
ਤੇਰੇ ਦਰ ਦਾ ਮੈਂ ਗਵਈਆ[28]

- ਸਾ ਪਾ ਪਾ ਪਾ ਧਾ ਮਾ
ਮਾ ਮਾ ਮਾ ਮਾ ਪਾ ਗਾ
ਗਾ ਗਾ ਗਾ ਗਾ ਮਾ ਰੇ
ਰੇ ਮਾ ਗਾ ਰੇ ਸਾ ਸੁਰਾਂ ਕੱਢ ਲੈ ਸ਼ੋਰ ਚੋਂ ਓ ਜ਼ਰਾ ਬਚ ਕੇ ਮੋੜ ਤੋਂ[29]

ਪਾਤਰ ਨੇ ਪੰਜਾਬੀਆਂ ਦੀ ਆਮ ਬੋਲਚਾਲ ਵਿੱਚ ਪ੍ਰਚਲਿਤ 'ਓਏ!' ਸ਼ਬਦ ਨੂੰ ਬਹੁਤ ਬਾਖ਼ੂਬੀ ਨਾਲ 'ਜ਼ਰਾ ਬਚ ਕੇ ਮੋੜ ਤੋਂ' ਕਵਿਤਾ ਵਿੱਚ ਇਸਤੇਮਾਲ ਕੀਤਾ ਹੈ। ਪਾਤਰ

ਆਧੁਨਿਕ ਮਨੁੱਖ ਦੀ ਖ਼ੁਦਗ਼ਰਜ਼ੀ ਅਤੇ ਲਾਲਸਾ ਸਾਹਮਣੇ ਲਿਆਉਂਦਾ ਹੈ। ਅੱਜ ਦਾ ਮਨੁੱਖ ਅਸੰਵੇਦਨੀਸ਼ਲ ਹੋ ਗਿਆ ਹੈ, ਉਹ ਕਿਸੇ ਵੀ ਕੀਮਤ ਉੱਤੇ ਅੱਗੇ ਵਧਣਾ ਚਾਹੁੰਦਾ ਹੈ, ਇਸ ਲਈ ਉਹ ਹਰ ਤਰ੍ਹਾਂ ਦਾ ਜਾਇਜ਼ ਤੇ ਨਜਾਇਜ਼ ਢੰਗ ਵਰਤਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਮਨੁੱਖ ਭੀੜ 'ਚ ਰਹਿਣਾ ਨਹੀਂ ਚਾਹੁੰਦਾ ਪਰ ਇਹ ਜ਼ਰੂਰ ਚਾਹੁੰਦਾ ਹੈ ਕਿ ਉਸ ਦੇ ਪਿੱਛੇ ਭੀੜ ਜੁੜੀ ਰਹੇ। ਰਿਸ਼ਤੇ-ਨਾਤੇ ਤੇ ਮਾਨਵਤਾ ਦੀ ਗੱਲਾਂ ਹੁਣ ਲੰਘੇ ਵੇਲੇ ਦੀਆਂ ਗੱਲਾਂ ਜਾਪਦੀਆਂ ਹਨ।

ਦੇਖ ਲੈ ਇਹਨਾਂ ਸੜਕਾਂ ਉਤੇ ਕਿੰਨਾ ਭੀੜ ਭੜੱਕਾ ਈ ਓਏ
ਕਾਰਾਂ ਅੱਗੇ ਲੰਘੀਆਂ ਪਿਛੇ ਰਹਿ ਗਿਆ ਯਾਰਾਂ ਦਾ ਯੱਕਾ ਈ ਓਏ
ਦੁਨੀਆਂ ਦੀ ਇਸ ਭੀੜ ਚ ਯਾਰੋ ਕੋਈ ਨਈਂ ਕਿਸੇ ਦਾ ਸੁੱਕਾ ਈ ਓਏ
ਹਰ ਕੋਈ ਏਥੇ ਏਹੋ ਈ ਚਾਹਵੇ ਦੇ ਦੂਜੇ ਨੂੰ ਧੱਕਾ ਈ ਓਏ
ਅੱਗੇ ਲੰਘ ਜਾਂ ਹੋਰ ਤੋਂ ਓ ਜ਼ਰਾ ਬਚ ਕੇ ਮੋੜ ਤੋਂ[30]

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਕਹਿ ਸਕਦੇ ਹਾਂ ਕਿ ਸੁਰਜੀਤ ਪਾਤਰ ਨੇ 'ਚੰਨ ਸੂਰਜ ਦੀ ਵਹਿੰਗੀ' ਪੁਸਤਕ ਵਿੱਚ ਮੁਹੱਬਤ, ਦਰਿਆ, ਸੰਗੀਤ, ਮਾਂ ਬੋਲੀ ਪੰਜਾਬੀ, ਧਰਮ, ਪਰਵਾਸ, ਔਰਤ ਪ੍ਰਤੀ ਸੰਕੁਚਿਤ ਨਜ਼ਰੀਆ, ਆਧੁਨਿਕ ਮਨੁੱਖ ਦੀ ਲਾਲਸਾ, ਇਤਿਹਾਸਕ ਤੇ ਮਿਥਿਹਾਸਿਕ ਘਟਨਾਵਾਂ, ਭਾਰਤੀ ਸਿਸਟਮ ਵਿੱਚ ਆਮ ਬੰਦੇ ਦੀ ਹੁੰਦੀ ਖੱਜਲ-ਖ਼ੁਆਰੀ, ਉਦਾਸੀ ਦੇ ਮਾਹੌਲ ਵਿੱਚ ਵੀ ਆਸ਼ਾ ਤੇ ਸਕਾਰਾਤਮਿਕ ਸੋਚ ਆਦਿ ਨੂੰ ਆਪਣੇ ਕਾਵਿ-ਸਰੋਕਾਰਾਂ ਦੀ ਵਸਤੂ ਸਮਗਰੀ ਬਣਾਇਆ ਹੈ। ਪਾਤਰ ਦਾ ਵਸਤੂ ਨੂੰ ਪ੍ਰਗਟਾਉਣ ਦਾ ਢੰਗ ਵੀ ਬਹੁਤ ਕਲਾਤਮਿਕ ਹੈ। ਪਾਤਰ ਨੇ ਸਰਲ ਤੇ ਸੰਗੀਤ ਪ੍ਰਧਾਨ ਸ਼ਬਦਾਵਲੀ ਦਾ ਇਸਤੇਮਾਲ ਕੀਤਾ ਹੈ। ਪਾਤਰ ਕਿਸੇ ਕੁਰੀਤੀ ਨੂੰ ਸਿੱਧੇ ਰੂਪ ਵਿੱਚ ਗ਼ਲਤ ਕਹਿਣ ਦੀ ਥਾਂ ਵਿਅੰਗ ਵਿਧੀ ਦਾ ਪ੍ਰਯੋਗ ਕਰਦਾ ਹੈ। ਪਾਤਰ ਦੀ ਕਵਿਤਾ ਵਿੱਚ ਨਾਟਕੀਅਤਾ ਅਤੇ ਦ੍ਰਿਸ਼ ਵਰਣਨ ਦੀ ਪ੍ਰਧਾਨਤਾ ਹੈ। ਪਾਤਰ ਕਵਿਤਾ ਨੂੰ ਸਾਖੀ ਵਾਂਗ ਪਾਠਕਾਂ ਨੂੰ ਸਣਾਉਂਦਾ ਹੋਇਆ ਪ੍ਰਤੀਤ ਹੁੰਦਾ ਹੈ। ਸਮੁੱਚੇ ਰੂਪ ਵਿੱਚ ਕਹਿ ਸਕਦੇ ਹਾਂ ਕਿ ਪਾਤਰ ਨੇ ਜੋ ਮੁਕਾਮ ਗ਼ਜ਼ਲ ਖੇਤਰ ਵਿੱਚ ਬਣਾਇਆ ਹੈ ਉਸ ਦੀ ਕਵਿਤਾ ਵਿਚਲੀ ਕਾਵਿਕਤਾ ਵੀ ਉਵੇਂ ਹੀ ਉੱਚ-ਪੱਧਰ ਦੀ ਹੈ। ਪਾਤਰ ਨੂੰ ਮਨੁੱਖ ਦੇ ਸੂਖ਼ਮ ਭਾਵਾਂ ਦਾ ਸਿਰਜਣ ਹਾਰ ਕਹਿ ਸਕਦੇ ਹਾਂ।

## ਹਵਾਲਾ ਸੂਚੀ


1. ਰਾਜਿੰਦਰ ਪਾਲ ਸਿੰਘ, ਸੁਰਜੀਤ ਪਾਤਰ ਦੀ ਕਾਵਿ-ਸੰਵੇਦਨਾ, ਸੁਚੇਸ਼ ਪ੍ਰਕਾਸ਼ਨ, ਪਟਿਆਲਾ, 1986, ਪੰਨਾ 7
2. ਸੁਰਜੀਤ ਪਾਤਰ, ਚੰਨ ਸੂਰਜ ਦੀ ਵਹਿੰਗੀ, ਯੂਨੀਸਟਾਰ ਬੁੱਕ, ਚੰਡੀਗੜ੍ਹ, 2013, ਪੰਨਾ 10
3. ਉਹੀ, ਪੰਨਾ 14
4. ਉਹੀ, ਪੰਨਾ 71
5. ਰਾਜਿੰਦਰ ਪਾਲ ਸਿੰਘ, ਉਹੀ, ਪੰਨਾ 3
6. ਸੁਰਜੀਤ ਪਾਤਰ, ਉਹੀ, ਪੰਨਾ 9
7. ਉਹੀ, ਪੰਨਾ 16
8. ਉਹੀ, ਪੰਨਾ 31
9. ਉਹੀ, ਪੰਨਾ 17
10. ਡਾ. ਅੰਮ੍ਰਿਤ ਲਾਲ ਪਾਲ, ਸੁਰਜੀਤ ਪਾਤਰ ਜੀਵਨ ਤੇ ਰਚਨਾ, ਸੰਗਮ ਪਬਲੀਕੇਸ਼ਨ, ਸਮਾਣਾ, 2005, ਪੰਨਾ 37
11. ਸੁਰਜੀਤ ਪਾਤਰ, ਉਹੀ, ਪੰਨਾ 18
12. ਉਹੀ, ਪੰਨਾ 19
13. ਉਹੀ.
14. ਉਹੀ, ਪੰਨਾ 36
15. ਉਹੀ, ਪੰਨਾ 40
16. ਉਹੀ, ਪੰਨਾ 23
17. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2000, ਪੰਨਾ 84
18. ਸੁਰਜੀਤ ਪਾਤਰ, ਉਹੀ, ਪੰਨਾ 62
19. ਉਹੀ, ਪੰਨਾ 45
20. ਉਹੀ.

21. ਉਹੀ, ਪੰਨਾ 74
22. ਉਹੀ, ਪੰਨਾ 55
23. ਉਹੀ, ਪੰਨਾ 56
24. ਉਹੀ, ਪੰਨਾ 13
25. ਉਹੀ, ਪੰਨਾ 68
26. ਡਾ. ਗੁਰਚਰਨ ਸਿੰਘ ਔਲਖ, ਸੁਰਜੀਤ ਪਾਤਰ ਦਾ ਕਾਵਿ ਸੰਸਾਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2002, ਪੰਨਾ 48
27. ਸੁਰਜੀਤ ਪਾਤਰ, ਉਹੀ, ਪੰਨਾ 52
28. ਉਹੀ, ਪੰਨਾ 64
29. ਉਹੀ, ਪੰਨਾ 67
30. ਉਹੀ, ਪੰਨਾ 66